بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.11.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਨਵੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਅਲੱਾਹ ਤਆਲਾ ਦੀ ਮਿਹਰ ਨਾਲ ਤਹਰੀਕੇ ਜਦੀਦ ਦਾ 81ਵਾਂ ਸਾਲ ਖ਼ਤਮ ਹੋਇਆ ਅਤੇ 82ਵਾਂ ਸਾਲ ਅਰੰਭ ਹੋ ਚੁਕੱਾ ਹੈ । ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਕੁਰਬਾਨੀ ਕਰੋ । ਉਸ ਚੀਜ਼ ਦੀ ਕੁਰਬਾਨੀ ਕਰੋ ਜੋ ਤੁਹਾਨੂੰ ਬਹੁਤ ਹੀ ਪਿਆਰੀ ਹੋਵੇ ਉਸ ਚੀਜ਼ ਦੀ ਕੁਰਬਾਨੀ ਕਰੋ ਜਿਸ ਤੋਂ ਤੁਸੀਂ ਲਾਭ ਉਠਾ ਰਹੇ ਹੋ ਜਿਸਦਾ ਤੁਸੀਂ ਆਨੰਦ ਮਾਣ ਰਹੇ ਹੋ ਉਸ ਚੀਜ਼ ਦੀ ਕੁਰਬਾਨੀ ਕਰੋ ਜੋ ਤੁਹਾਨੂੰ ਅਰਾਮ ਤੇ ਸਹੂਲਤ ਮੁਹੱਈਆ ਕਰ ਰਹੀ ਹੈ ਉਸ ਚੀਜ਼ ਦੀ ਕੁਰਬਾਨੀ ਕਰੋ ਜੋ ਤੁਹਾਡੀਆਂ ਨਸਲਾਂ ਦੇ ਭਵਿੱਖ ਨੂੰ ਸੁਆਰਣ ਦਾ ਵੀ ਵੇਖਣ ਨੂੰ ਤੁਹਾਡੇ ਅਨੁਸਾਰ ਇਕ ਸਾਧਨ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

(لَنۡ تَنَالُوا الۡبِرَّ حَتّٰی تُنۡفِقُوۡا مِمَّا تُحِبُّوۡنَ ۬ؕ وَ مَا تُنۡفِقُوۡا مِنۡ شَیۡءٍ فَاِنَّ اللّٰہَ بِہٖ عَلِیۡمٌ -)

ਤੁਸੀਂ ਉਕੱਾ ਹੀ ਨੇਕੀਆਂ ਨੂੰ ਨਹੀਂ ਮਾਣ ਸਕੋਗੇ ਇੱਥੋਂ ਤੱਕ ਕਿ ਤੁਸੀਂ ਉਹਨਾਂ ਚੀਜਾਂ ਵਿੱਚੋਂ ਖਰਚ ਕਰੋ ਜਿੰਨ੍ਹਾ ਨੂੰ ਤੁਸੀਂ ਪ੍ਰੇਮ ਕਰਦੇ ਹੋ ਅਤੇ ਤੁਸੀਂ ਜੋ ਕੁਝ ਵੀ ਖਰਚ ਕਰਦੇ ਹੋ ਨਿਸ਼ਚੇ ਹੀ ਰੱਬ ਉਸਨੂੰ ਚੰਗੀ ਤਰ੍ਹਾਂ ਜਾਣਦਾ ਹੈ ।

ਹਰ ਮੋਮਿਨ ਦੀ ਇਹ ਇਛੱਾ ਹੁੰਦੀ ਹੈ ਕਿ ਨੇਕੀ ਕਰਕੇ ਰੱਬ ਦੀ ਨੇੜਤਾ ਪ੍ਰਾਪਤ ਕਰੇ । ਰੱਬ ਨੇ ਇਸ ਆਇਤ ਵਿੱਚ ਮੋਮਿਨੀਨ ਨੂੰ ਇਹ ਤਵਜੁੱਹ ਦੁਆਈ ਹੈ ਕਿ ਜੇਕਰ ਤੁਸੀ ਨੇਕੀ ਕਰਨ ਦੀ ਇਛੱਾ ਰਖੱਦੇ ਹੋ ਤਾਂ ਜੋ ਰੱਬ ਦੀ ਰਜ਼ਾ ਪ੍ਰਾਪਤ ਕਰ ਸਕੋ ਤਾਂ ਚੇਤੇ ਰੱਖੋ ਕਿ ਨੇਕੀ ਕੁਰਬਾਨੀ ਮੰਗਦੀ ਹੈ । ਸੋ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਕੁਰਬਾਨੀ ਕਰੋ । ਉਸ ਚੀਜ਼ ਦੀ ਕੁਰਬਾਨੀ ਕਰੋ ਜੋ ਤੁਹਾਨੂੰ ਬਹੁਤ ਪਿਆਰੀ ਹੈ ਉਸ ਚੀਜ਼ ਦੀ ਕੁਰਬਾਨੀ ਕਰੋ ਜਿਸ ਤੋਂ ਤੁਸੀਂ ਲਾਭ ਉਠਾ ਰਹੇ ਹੋ ਆਨੰਦ ਮਾਣ ਰਹੇ ਹੋ ਉਸ ਚੀਜ਼ ਦੀ ਕੁਰਬਾਨੀ ਕਰੋ ਜੋ ਤੁਹਾਨੂੰ ਆਰਾਮ ਤੇ ਸਹੂਲਤ ਮੁਹੱਈਆ ਕਰ ਰਹੀ ਹੈ ਉਸ ਚੀਜ਼ ਦੀ ਕੁਰਬਾਨੀ ਕਰੋ ਤੁਹਾਡੀ ਨਸਲ ਦੇ ਭਵਿੱਖ ਨੂੰ ਸੁਆਰਣ ਦਾ ਵੇਖਣ ਨੂੰ ਤੁਹਾਡੇ ਅਨੁਸਾਰ ਸਾਧਨ ਹੈ । ਸੋ, ਇਹ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਕੋਈ ਮਮੂਲੀ ਕੁਰਬਾਨੀਆਂ ਨਹੀਂ ਹਨ । ਮਾਲ ਤਾਂ ਹਮੇਸ਼ਾਂ ਹੀ ਮਨੁੱਖ ਨੂੰ ਪਿਆਰਾ ਰਿਹਾ ਹੈ । ਇਸ ਦਾ ਵਰਨਣ ਰੱਬ ਨੇ ਵੀ ਕੀਤਾ ਹੈ ਕਿ ਸੋਨਾ, ਚਾਂਦੀ, ਸੰਪਤੀ, ਪਸ਼ੂ, ਜਾਇਦਾਦ, ਖੇਤ, ਬਾਗ ਇਹ ਸਭ ਮਨੁੱਖ ਨੂੰ ਬਹੁਤ ਪਿਆਰੇ ਹਨ ਅਤੇ ਇਸੇ ਲਈ ਭਾਵੇਂ ਇਹ ਮਨੁੱਖ ਲਈ ਫ਼ਖ਼ਰ (ਮਾਣ) ਦਾ ਪ੍ਰਤੀਕ ਹਨ । ਇਹਨਾ'ਤੇ ਮਾਣ ਕਰਦਾ ਹੈ । ਹਰ ਤਬਕੇ ਵਿੱਚ ਧੰਨ ਮਾਲ ਨਾਲ ਪ੍ਰੇਮ ਜੀਵਨ ਦੀ ਲੋੜ ਦੇ ਨਾਂ'ਤੇ ਨਵੀਆਂ ਨਵੀਆਂ ਚੀਜਾਂ ਦੀ ਇਛੱਾ ਅਤਿ ਨੂੰ ਪਹੁੰਚੀਆਂ ਹੋਈਆਂ ਹਨ ਅਤੇ ਭੌਤਿਕਤਾ ਆਪਣੇ ਸ਼ਿਖ਼ਰ'ਤੇ ਹੈ । ਅਜਿਹੀ ਅਵਸਥਾ ਵਿੱਚ ਇਹ ਗੱਲਾਂ ਕਰਨਾ ਕਿ ਨੇਕੀ ਦੀ ਪ੍ਰਾਪਤੀ ਲਈ ਇਹਨਾਂ ਚੀਜਾਂ ਨੂੰ ਖਰਚ ਕਰੋ ਜਿੰਨ੍ਹਾ ਤੋਂ ਤੁਹਾਨੂੰ ਪ੍ਰੇਮ ਹੈ । ਆਣੀਆਂ ਇਛੱਾਵਾਂ ਨੂੰ ਕੁਰਬਾਨ ਕਰੋ ਆਪਣੀਆਂ ਸਹੂਲਤਾਂ ਨੂੰ ਕੁਰਬਾਨ ਕਰੋ । ਸਾਧਾਰਣ ਦੁਨੀਆਦਾਰ ਲਈ ਇਹ ਅਦਭੁੱਤ ਜਿਹੀ ਗੱਲ ਹੈ ਪਰ ਦੁਨੀਆ ਨੂੰ ਪਤਾ ਨਹੀਂ ਕਿ ਇਸ ਜੁੱਗ ਵਿੱਚ ਵੀ ਅਜਿਹੇ ਲੋਕ ਹਨ ਜੋ ਕੁਰਆਨ ਕਰੀਮ ਦੀ ਇਸ ਸਿੱਖਿਆ

ਦਾ ਪਾਲਣ ਰਖੱਦੇ ਹਨ ਅਤੇ ਇਸ ਉਪੱਰ ਅਮਲ ਕਰਨ ਦਾ ਜਤਨ ਕਰਦੇ ਹਨ, ਜੋ ਅਜਿਹੀ ਨੇਕੀਆਂ ਦਾ ਜਤਨ ਕਰਦੇ ਹਨ ਜੋ ਦੂਜਿਆਂ ਲਈ ਕੁਰਬਾਨੀ ਦਾ ਅੰਤ ਹੈ ਅਤੇ ਉਸ ਆਗਿਆਕਾਰੀ ਉਪੱਰ ਅਮਲ ਕਰਨ ਲਈ ਇਹ ਨਹੀਂ ਦੇਖਦੇ ਕਿ ਮੈਂਨੂੰ ਕਿਹੜੀ ਚੀਜ਼ ਪਿਆਰੀ ਹੈ । ਇਸ ਸਮੇਂ ਸਭ ਤੋਂ ਪਿਆਰੀ ਚੀਜ਼ ਕੇਵਲ ਰੱਬ ਦੇ ਆਦੇਸ਼ ਦੀ ਆਗਿਆਕਾਰੀ ਹੈ, ਉਸ ਨੇਕੀ ਦਾ ਜਤਨ ਕਰਦੇ ਹਨ ਜੋ ਤਕਵਾਂ (ਸੰਜਮਤਾ) ਵਿੱਚ ਵਧਾਉਣ ਵਾਲੀ ਹੋਵੇ । ਦੁਨੀਆ ਦਾ ਬਹੁਤਾ ਭਾਗ ਨਹੀਂ ਜਾਣਦਾ ਕਿ ਇਹ ਲੋਕ ਕੌਣ ਹਨ, ਇਹ ਉਹ ਲੋਕ ਹਨ ਜਿੰਨ੍ਹਾ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲਹਿ ਵਸਲਅਮ ਦੇ ਸੱਚੇ ਆਸ਼ਕ ਅਤੇ ਸਮੇਂ ਦੇ ਇਮਾਮ ਨਾਲ ਜੁੜਕੇ ਵਾਸਤਵਿਕ ਨੇਕੀ ਨੂੰ ਪਾਉਣ ਦਾ ਗੁਣ ਪ੍ਰਾਪਤ ਕਰ ਲਿਆ ਹੈ । ਜਿੰਨ੍ਹਾ ਨੇ ਨੇਕੀ ਨੂੰ ਪਾਉਣ ਲਈ ਨੇਕੀ ਦੇ ਇਹਨਾ ਰੋਸ਼ਨ ਮਿਨਾਰਾਂ ਰਾਹੀਂ ਸਹੀ ਮਾਰਗਾਂ ਦਾ ਮਾਰਗਦਰਸ਼ਨ ਪ੍ਰਾਪਤ ਕੀਤਾ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਤੋਂ ਫ਼ੈਜ਼ ਪਾਉਣ ਵਾਲੇ ਸਨ ਜਿੰਨ੍ਹਾ ਦੀ ਕੁਰਬਾਨੀ ਦੇ ਮਿਆਰ ਵੀ ਨਿਰਾਲੇ ਸਨ ।

ਇਕ ਹਦੀਸ ਵਿੱਚ ਆਉਂਦਾ ਹੈ ਜੱਦ ਇਹ ਆਇਤ ਉਤਰੀ ਕਿ "ਲਨਤਨਾਲੁਲ ਬਿਰੱਾ ਹਤੱਾ ਤੁਨਫ਼ਿਕੂ ਮਿਮੱਾ ਤੁਹਿਬੂੱਨ" (لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ ؕ) ਹਜ਼ਰਤ ਅਬੁਤਲਹਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਬਿਨਤੀ ਕੀਤੀ ਕਿ ਮੇਰੀ ਸਭ ਤੋਂ ਪਿਆਰੀ ਜਾਇਦਾਦ ਬੇਰੂਹਾ ਦਾ ਬਾਗ਼ ਹੈ ਮੈਂ ਉਸਨੂੰ ਰੱਬ ਦੇ ਮਾਰਗ ਵਿੱਚ ਦਿੰਦਾ ਹਾਂ । ਇਹ ਲੋਕ ਹਨ ਜੋ ਲਿਸ਼ਕਦੇ ਸਤਾਰੇ ਸਨ ਅਤੇ ਨੇਕੀਆਂ ਦੇ ਮਾਰਗ ਨਿਰਧਾਰਤ ਕਰਨ ਵਾਲੇ ਸਨ । ਸੋ, ਇਹਨਾ ਸਹਾਬਾ ਦੇ ਉਧਾਰਣ ਦਿੰਦਿਆਂ ਹੋਇਆਂ ਸਾਨੂੰ ਇਸ ਜੁੱਗ ਦੇ ਇਮਾਮ ਨੇ ਵਾਰ ਵਾਰ ਧਿਆਨ ਦੁਆਇਆ ਹੈ ਕਿ । ਆਪਨੇ ਆਪਣੇ ਅਨੇਕਾਂ ਆਦੇਸ਼ਾਂ ਵਿੱਚ ਕੁਰਆਨ ਕਰੀਮ ਦੀ ਸਿੱਖਿਆ ਅਤੇ ਆਦੇਸ਼ਾਂ ਨੂੰ ਵਿਸਥਾਰ ਨਾਲ ਵਰਨਣ ਕੀਤਾ ਹੈ । ਨੇਕੀਆਂ ਦੀ ਪ੍ਰਾਪਤੀ ਦਾ ਬੋਧ ਦਿਤੱਾ ਹੈ । ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਵਿਅਰਥ ਤੇ ਨਿਕੰਮੀ ਚੀਜਾਂ ਦੇ ਖਰਚ ਕਰਨ ਨਾਲ ਕੋਈ ਮਨੁੱਖ ਨੇਕੀ ਕਰਨ ਦਾ ਦਾਵਾ ਨਹੀਂ ਕਰ ਸਕਦਾ । ਨੇਕੀ ਦਾ ਦਰਵਾਜ਼ਾ ਤੰਗ ਹੈ, ਸੋ, ਇਹ ਗੱਲ ਮਨ ਵਿੱਚ ਬਿਠਾ ਲਓ ਕਿ ਨਿਕੰਮੀਆਂ ਚੀਜਾਂ ਖਰਚ ਕਰਨ ਨਾਲ ਕੋਈ ਇਸ ਵਿੱਚ ਦਾਖ਼ਲ ਨਹੀਂ ਹੋ ਸਕਦਾ ਕਿਉਂਕਿ ਪਾਠ ਹੈ (لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ ؕ) ਜਦੱ ਤੱਕ ਤੁਸੀਂ ਚੰਗੀ ਤੋਂ ਚੰਗੀ ਤੇ ਪਿਆਰੀ ਤੋਂ ਪਿਆਰੀ ਚੀਜ਼ ਖਰਚ ਨਹੀਂ ਕਰੋਗੇ ਉਸ ਸਮੇਂ ਤੱਕ ਪ੍ਰੀਤਮ ਤੇ ਨਿਕਟਤਮ ਹੋਣ ਦਾ ਦਰਜਾ ਨਹੀਂ ਮਿਲ ਸਕਦਾ । ਜੇਕਰ ਕਸ਼ਟ ਨਹੀਂ ਉਠਾਉਣਾ ਚਾਹੁੰਦੇ ਅਤੇ ਵਾਸਤਵਿਕ ਨੇਕੀ ਅਪਨਾਉਣਾ ਨਹੀਂ ਚਾਹੁੰਦੇ ਤਾਂ ਕਿਵੇਂ ਸਫ਼ਲ ਤੇ ਟੀਚੇ ਨੂੰ ਪ੍ਰਾਪਤ ਹੋ ਸਕਦੇ ਹੋ । ਕੀ ਸਹਾਬਾ ਕਰਾਮ ਮੁਫ਼ਤ ਵਿੱਚ ਇਸ ਦਰਜੇ ਨੂੰ ਪਹੁੰਚ ਗਏ ਜੋ ਉਹਨਾਂ ਨੂੰ ਪ੍ਰਾਪਤ ਹੋਇਆ । ਸੰਸਾਰਕ ਰੁਤਬਿਆਂ ਨੂੰ ਪ੍ਰਾਪਤ ਕਰਨ ਲਈ ਕਿੰਨ੍ਹੇ ਖਰਚੇ ਅਤੇ ਕਸ਼ਟ ਝਲੱਣੇ ਪੈਂਦੇ ਹਨ ਫਿਰ ਕਿਤੇ ਜਾਕੇ ਇਕ ਮਮੂਲੀ ਜਿਹਾ ਖ਼ਿਤਾਬ (ਸਰਟੀਫ਼ਿਕੇਟ) ਜਿਸ ਤੋਂ ਮਾਨਸਕ ਸ਼ਾਂਤੀ ਤੇ ਸਕੂਨ ਪ੍ਰਾਪਤ ਨਹੀਂ ਹੋ ਸਕਦਾ ਮਿਲਦਾ ਹੈ, ਫਿਰ ਵਿਚਾਰ ਕਰੋ ਕਿ ਰਜ਼ੀ ਅਲੱਾਹ ਅਨਹੁਮ ਦਾ ਖ਼ਿਤਾਬ ਜੋ ਮਨ ਨੂੰ ਤਸੱਲੀ, ਸ਼ਾਂਤੀ ਤੇ ਰੱਬ ਦੀ ਰਜ਼ਾ ਦਾ ਨਿਸ਼ਾਨ ਹੈ ਕੀ ਐਂਵੇਂ ਹੀ ਅਸਾਨੀ ਨਾਲ ਮਿਲ ਗਿਆ । ਗੱਲ ਇਹ ਹੈ ਕਿ ਰੱਬ ਦੀ ਰਜ਼ਾ ਜੋ ਵਾਸਤਵਿਕ ਖ਼ੁਸ਼ੀ ਦਾ ਮੂਜਬ ਹੈ ਪ੍ਰਾਪਤ ਨਹੀਂ ਹੋ ਸਕਦੀ ਜੱਦ ਤੱਕ ਅਸਥਾਈ ਕਸ਼ਟ ਨ ਝੱਲੇ ਜਾਣ । ਰੱਬ ਠੱਗਿਆ ਨਹੀਂ ਜਾਂਦਾ । ਮੁਬਾਰਕ ਹਨ ਉਹ ਲੋਕ ਜੋ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਕਸ਼ਟਾਂ ਦੀ ਪਰਵਾਹ ਨਹੀਂ ਕਰਦੇ ਕਿਉਂਕਿ ਸਦੀਵੀਂ ਖ਼ੁਸ਼ੀ ਅਤੇ ਚਿਰਸਥਾਈ ਆਰਾਮ ਦੀ ਰੋਸ਼ਨੀ ਇਹਨਾ ਅਸਥਾਈ ਕਸਟਾਂ ਦੇ ਬਾਦ ਮੋਮਿਨ ਨੂੰ ਮਿਲਦੀ ਹੈ ।

ਫਿਰ ਇਕ ਸਭਾ ਵਿੱਚ ਜਮਾਤ ਦੇ ਲੋਕਾਂ ਨੂੰ ਨਸੀਹਤ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਦੁਨੀਆ ਵਿੱਚ ਮਨੁੱਖ ਧੰਨ ਮਾਲ ਤੋਂ ਬਹੁਤ ਸਨੇਹ ਕਰਦਾ ਹੈ । ਇਸੇ ਲਈ ਸੁਪਨਫ਼ਲ (ਇਲਮੇ ਤਾਬੀਰੁਰ ਰੋਇਯਾ) ਵਿੱਚ ਲਿੱਖਿਆ ਹੈ ਕਿ ਜੇਕਰ ਕੋਈ ਮਨੁੱਖ (ਸੁਪਨੇ ਵਿੱਚ) ਦੇਖੇ ਕਿ ਉਸ ਨੇ ਜਿਗਰ ਕੱਢ ਕੇ ਕਿਸੇ ਨੂੰ ਦਿੱਤਾ ਹੈ ਤਾਂ ਉਸ ਦਾ ਭਾਵ ਧੰਨ ਮਾਲ ਹੈ । ਇਹੋ ਕਾਰਣ ਹੈ ਕਿ ਵਾਸਤਵਿਕ ਸੰਜਮਤਾ ਅਤੇ ਈਮਾਨ ਦੀ ਪ੍ਰਾਪਤੀ ਲਈ ਫ਼ਰਮਾਇਆ ਵਾਸਤਵਿਕ ਨੇਕੀ ਨੂੰ ਉਕੱਾ ਹੀ ਨਹੀਂ ਪਾਓਗੇ ਜੱਦ ਤੱਕ ਤੁਸੀਂ ਪਿਆਰੀ ਤੋਂ ਪਿਆਰੀ ਚੀਜ ਖਰਚ ਨਹੀਂ ਕਰੋਗੇ । ਸੋ ਮਾਲ ਦਾ ਰੱਬ ਦੇ ਮਾਰਗ ਵਿੱਚ ਖਰਚ ਕਰਨਾ ਵੀ ਮਨੁੱਖ ਦੀ ਖ਼ੁਸ਼ੀ ਤੇ ਧਰਮੀ ਹੋਣਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਜਮਾਤ ਬਣਾਈ ਉਸ ਨੇ ਨ ਕੇਵਲ ਇਹਨਾਂ ਗੱਲਾਂ ਨੂੰ ਸੁਣ ਲਿਆ ਅਤੇ ਸੁਣ ਕੇ ਇਹ ਨਹੀਂ ਕੀਤਾ ਕਿ ਦੂਜੇ ਪਾਸੇ ਮੂੰਹ ਕਰ ਲਿਆ ਅਤੇ ਧਿਆਨ ਹਟਾ ਲਿਆ ਸਗੋਂ ਇਹਨਾਂ ਗੱਲਾਂ ਨੂੰ ਸੁਨਣ ਦੇ ਬਾਦ ਕੁਰਬਾਨੀਆਂ ਦੇ ਮਿਆਰ ਵੀ ਕਾਇਮ ਕੀਤੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਕਈ ਥਾਂ'ਤੇ ਕਈ ਸਭਾਵਾਂ ਵਿੱਚ ਇਹ ਗੱਲ ਵਰਨਣ ਕੀਤੀ ਹੈ ਇਕ ਮੌਕੇ ਆਪ ਨੇ ਫ਼ਰਮਾਇਆ ਜਮਾਤ ਦੇ ਕੁਰਬਾਨੀ ਦੇ ਮਿਆਰ ਨੂੰ ਦੇਖਦਿਆਂ ਹੋਇਆਂ ਮੈਂ ਦੇਖਦਾ ਹਾਂ ਕਿ ਸੈਂਕੜੇ ਲੋਕ ਅਜਿਹੇ ਵੀ ਸਾਡੀ ਜਮਾਤ ਵਿੱਚ ਸ਼ਾਮਲ ਹਨ ਜਿੰਨ੍ਹਾ ਦੇ ਸ਼ਰੀਰ ਉਪੱਰ ਮੁਸ਼ਕਲ ਨਾਲ ਵਸਤਰ ਹੁੰਦਾ ਹੈ ਮੁਸਕਲ ਨਾਲ ਚਦੱਰ ਜਾਂ ਪਜਾਮਾ ਉਹਨਾਂ ਨੂੰ ਉਪਲਭਦ ਹੁੰਦਾ ਹੈ, ਉਹਨਾਂ ਦੀ ਕੋਈ ਜਾਇਦਾਦ ਨਹੀਂ ਪਰ ਉਹਨਾ ਦਾ ਅਥਾਹ ਅਖ਼ਲਾਸ, ਈਮਾਨਦਾਰੀ ਅਤੇ ਸ਼ਰਧਾ ਨਾਲ ਮੁਹਬੱਤ, ਪ੍ਰੇਮ ਤੇ ਵਫ਼ਾਦਾਰੀ ਨਾਲ ਸੁਭਾਵ ਵਿਚ ਇਕ ਹੈਰਾਨੀ ਅਤੇ ਅਚੰਭਾ ਪੈਦਾ ਹੁੰਦਾ ਹੈ । ਫਿਰ ਇਕ ਮੌਕੇ ਆਪ ਨੇ ਫ਼ਰਮਾਇਆ ਜੋ ਕੁਝ ਤਰੱਕੀ ਅਤੇ ਪਰਿਵਰਤਨ ਸਾਡੀ ਜਮਾਤ ਵਿੱਚ ਪਾਈ ਜਾਂਦੀ ਹੈ ਉਹ ਜ਼ਮਾਨੇ ਭਰ ਵਿੱਚ ਕਿਸੇ ਹੋਰ ਵਿੱਚ ਨਹੀਂ ਹੈ ।

ਸੋ, ਆਪ ਰਾਹੀਂ ਸਿੱਧੇ ਰੂਪ ਵਿੱਚ ਫ਼ੈਜ਼ ਪਾਉਣ ਵਾਲਿਆਂ ਨੇ ਇਹ ਮੁਕਾਮ ਪ੍ਰਾਪਤ ਕੀਤਾ ਅਤੇ ਆਪ ਤੋਂ ਆਪ ਦੀ ਖ਼ੁਸ਼ੀ ਦਾ ਪ੍ਰਮਾਣ ਪ੍ਰਾਪਤ ਕੀਤਾ ਪਰ ਕੀ ਇਹ ਈਮਾਨਦਾਰੀ (ਅਖ਼ਲਾਸ) ਤੇ ਵਫ਼ਾਦਾਰੀ ਸਮਾਂ ਲੰਘਣ ਦੇ ਨਾਲ ਨਾਲ ਖ਼ਤਮ ਹੋ ਗਈ । ਕਦੇ ਨਹੀਂ, ਅੱਜ ਵੀ ਅਜਿਹੇ ਲੋਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਪੁਰਸ਼ਾਂ ਵਿੱਚੋਂ ਵੀ ਇਤਰੀਆਂ ਵਿੱਚੋਂ ਵੀ ਬੱਚਿਆਂ ਵਿੱਚੋਂ ਵੀ ਹਨ ਜੋ ਨੇਕੀ ਤੇ ਵਫ਼ਾਦਾਰੀ ਵਿੱਚ ਵਧੇ ਹੋਏ ਹਨ । ਕੁਝ ਇਕ ਜਾਂ ਕੁਝ ਵਿਸ਼ੇਸ਼ ਥਾਵਾਂ ਉਪੱਰ ਨਹੀਂ ਸਗੋਂ ਹਜ਼ਾਰਾਂ ਹੀ ਅਜਿਹੀਆਂ ਉਧਾਰਣਾਂ ਹਨ ਅਤੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਫੈਲੇ ਹੋਏ ਹਨ ਜੋ (لَنۡ تَنَالُوا الۡبِرَّ حَتّٰی تُنۡفِقُوۡا مِمَّا تُحِبُّوۡنَ) ਦੀ ਸਹੀ ਸਮਝ ਰਖੱਦੇ ਹਨ । ਜੋ ਕੁਰਬਾਨੀਆਂ ਵਿੱਚ ਵਧੱਦੇ ਚਲੇ ਜਾ ਰਹੇ ਹਨ । ਸ਼ੁਭਚਿੰਤਕਾਂ ਦੀਆਂ ਕੁਰਬਾਨੀਆਂ ਦੇ ਕੁਝ ਨਮੂਨੇ ਮੈਂ ਹੁਣ ਪੇਸ਼ ਕਰਦਾ ਹਾਂ । ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੁਸ਼ਕਲ ਨਾਲ ਸ਼ਰੀਰ ਉਪੱਰ ਵਸਤਰ ਹੁੰਦਾ ਸੀ ਪਰ ਨੇਕੀ ਤੇ ਵਫ਼ਾਦਾਰੀ ਵਿੱਚ ਐਨ੍ਹੇ ਵਧੇ ਹੋਏ ਸਨ, ਉਸ ਦੀ ਇਕ ਉਧਾਰਣ ਦਿੰਦਾ ਹਾਂ । ਇਹ ਉਧਾਰਣ ਇਕ ਇਸਤਰੀ ਦੀ ਹੈ ਅਤੇ ਇਹ ਇਸਤਰੀ ਵੀ ਜੋ ਨਾਬੀਨਾ (ਨੇਤਰਹੀਨ) ਹੈ । ਸੀਰਾਲੀਉਨ ਤੋਂ ਸਾਡੇ ਮੁਬਲੱਗ ਸਾਹਬ ਲਿਖੱਦੇ ਹਨ ਕਿ ਇਕ ਜਮਾਤ ਹੈ ਏਥੇ 'ਮੰਬਾਰੋ' ਏਥੇ ਇਕ ਨਾਬੀਨਾ ਇਸਤਰੀ ਰਹਿੰਦੀ ਹੈ ਜਿੰਨ੍ਹਾ ਨੇ ਤਹਿਰੀਕੇ ਜਦੀਦ ਦੇ ਚੰਦੇ ਦਾ ਵਾਦਾ ਦੋ ਹਜ਼ਾਰ ਲੀਉਨ ਲਿਖੱਵਾਇਆ ਹੈ । ਚੰਦੇ ਦੀ ਵਸੂਲੀ ਲਈ ਜੱਦ ਉਹਨਾਂ ਕੋਲ ਗਏ ਤਾ ਕਹਿਣ ਲੱਗੀ ਕਿ ਮੈਂਨੂੰ ਚੰਦੇ ਦੀ ਅਦਾਇਗੀ ਲਈ ਪਹਿਲਾਂ ਹੀ ਚਿੰਤਾ ਰਹੇ ਰਹੀ ਸੀ ਪਰ ਨਾਬੀਨਾ ਹੋਣ ਕਰਕੇ ਮੇਰੀ ਆਮਦਨੀ ਦਾ ਐਨ੍ਹਾ ਕੋਈ ਸਾਧਨ ਨਹੀਂ ਕਿ ਮੈਂ ਕੋਈ ਚੰਦਾ ਦੇ ਸਕਦੀ, ਪਰ ਉਹਨਾਂ ਨੇ ਕਿਹਾ ਕਿ ਬਹਿਹਾਲ ਮੈਂ ਵਾਦਾ ਕੀਤਾ ਹੈ ਮੈਂ ਦਿਆਂਗੀ । ਸੋ, ਉਹ ਦੁਆ ਵਿੱਚ ਲੀਨ ਹੋ ਗਈ । ਉਸੇ ਸਮੇਂ ਦੌਰਾਨ ਇਕ ਅਜਨਬੀ ਵਿਅਕਤੀ ਪਿੰਡ ਵਿੱਚ ਆਇਆ ਤਾਂ ਉਸ ਵਿਅਕਤੀ ਨੂੰ ਕਹਿਣ ਲੱਗੀ ਕਿ ਮੇਰੇ ਕੋਲ ਇਸ ਸਮੇਂ ਇਕ ਸਿਰ ਉਪੱਰ ਪਾਉਣ ਵਾਲਾ ਕਪੜਾ ਹੈ ਉਹ ਦੋ ਹਜ਼ਾਰ ਲੀਉਨ ਵਿੱਚ ਖ਼ਰੀਦ ਲਓ, ਹਾਲਾਂਕਿ ਉਹ ਕਪੜਾ ਇਹ ਕਹਿੰਦੇ ਹਨ ਕਿ ਦੱਸ ਤੋਂ ਪੰਦਰਾਂ ਹਜ਼ਾਰ ਲੀਉਨ ਦਾ ਸੀ । ਉਸ ਵਿਅਕਤੀ ਨੇ ਹੈਰਾਨੀ ਨਾਲ ਪੁੱਛਿਆ ਕਿ ਐਨ੍ਹਾ ਸਸਤਾ ਕਿਉਂ ਵੇਚ ਰਹੀ ਹੋ । ਇਸ'ਤੇ ਉਸ ਇਸਤਰੀ ਨੇ ਦੱਸਿਆ ਕਿ ਮੈਂ ਚੰਦਾ ਤਹਿਰੀਕੇ ਜਦੀਦ ਦੀ ਅਦਾਇਗੀ ਕਰਨੀ ਹੈ ਅਤੇ ਇਸ ਸਮੇਂ ਮੇਰੇ ਕੋਲ ਰਕਮ ਨਹੀਂ ਹੈ । ਉਸ ਅਜਨਬੀ ਵਿਅਕਤੀ ਨੇ ਉਹ ਕਪੜਾ ਖ਼ਰੀਦ ਲਿਆ ਅਤੇ ਦੋ ਹਜ਼ਾਰ ਲੀਉਨ ਨਾਬੀਨਾ ਇਸਤੀਰੀ ਨੂੰ ਦੇ ਦਿੱਤੇ । ਸ਼ਰੀਫ਼ ਵਿਅਕਤੀ ਸੀ ਅਤੇ ਬਾਦ ਵਿੱਚ ਉਹ ਕਪੜਾ ਵੀ ਵਾਪਸ ਕਰ ਦਿੱਤਾ ਅਤੇ ਕਿਹਾ ਕਿ ਇਹ ਮੇਰੀ ਵੱਲੋਂ ਆਪ ਰੱਖ ਲਓ । ਅਫ਼ਰੀਕਾ ਦੇ ਦੂਰ ਦੁਰਾਡੇ ਖੇਤਰ ਵਿੱਚ ਰਹਿਣ ਵਾਲੀ ਇਕ ਅਨਪੜ੍ਹ ਨਾਬੀਨਾ ਇਸਤਰੀ ਦਾ ਇਹ ਅਖ਼ਲਾਸ (ਨੇਕੀ) ਹੈ ਨਿਸ਼ਚੇ ਹੀ ਇਹ ਅਖ਼ਲਾਸ ਰੱਬ ਵੱਲੋਂ ਪੈਦਾ ਕੀਤਾ ਹੋਇਆ ਹੋਇਆ ਹੈ ।

ਰਾਜਿਸਥਾਨ ਭਾਰਤ ਦੇ ਦੇ ਮੁਬਲੱਗ ਇੰਚਾਰਜ ਲਿਖੱਦੇ ਹਨ ਕਿ ਇਕ ਜਮਾਤ ਹੈ ਏਥੇ ਬੋਲਾ ਭਾਲੀ, ਓਥੋਂ ਇਕ ਸਜੱਣ ਨੇ ਜਿਨ੍ਹਾ ਦੀ ਉਮਰ 65 ਸਾਲ ਦੇ ਲਗਭਗ ਹੈ ਅਧਿਕਤਰ ਬਿਮਾਰ ਰਹਿੰਦੇ ਹਨ ਅਤੇ ਉਹਨਾਂ ਦੀ ਕੋਈ ਆਮਦਨੀ ਨਹੀਂ ਹੈ । ਉਹਨਾ ਨੂੰ ਜੱਦ ਮਾਲੀ ਕੁਰਬਾਨੀ ਵੱਲ ਧਿਆਨ ਦੁਆਇਆ ਗਿਆ ਕਿ ਸਾਧਾਰਣ ਜਿਹੀ ਟੋਕਨ ਦੇ ਰੂਪ ਵਿੱਚ ਕੁਰਬਾਨੀ ਕਰ

ਦੇਣ ਕਿਉਂਕਿ ਇਹ ਵੀ ਮੋਮਿਨ ਲਈ ਫ਼ਰਜ਼ ਹੈ, ਉਹਨਾਂ ਨੇ ਇਕ ਹਜ਼ਾਰ ਪੰਜਾਹ ਰੁਪਏ ਚੰਦੇ ਦੇ ਅਦਾ ਕਰ ਦਿੱਤੇ ਅਤੇ ਕਹਿਣ ਲੱਗੇ ਕਿ ਇਹ ਰਕਮ ਰੱਬ ਖਾਤਰ ਜਮਾ ਕੀਤੀ ਸੀ ਅਤੇ ਇਹ ਰੱਬ ਦੀ ਰਕਮ ਹੈ । ਫਿਰ ਨੇਕੀ ਤੇ ਵਫ਼ਾਦਰੀ ਵਿੱਚ ਵਧੇ ਹੋਏ ਇਕ ਹੋਰ ਸ਼ੁਭਚਿੰਤਕ ਦੀ ਗੱਲ ਸੁਣੋ, ਨਿਸ਼ਚੇ ਹੀ ਅਮੀਰਾਂ ਨੂੰ ਝੰਝੋੜਨ ਵਾਲੀ ਹੈ । ਬੈਨਿਨ ਦੇ ਅਮੀਰ ਸਾਹਬ ਲਿੱਖਦੇ ਹਨ ਕਿ ਏਥੇ ਇਕ ਪੁਰਾਣੇ ਅਹਮਦੀ ਮਿਤੱਰ ਦਾ ਨਾਂ ਚੰਦਾ ਦੇਣ ਵਾਲਿਆਂ ਦੀ ਸੂਚੀ ਵਿੱਚ ਲਿੱਖਿਆ ਹੋਇਆ ਸੀ । ਜੱਦ ਉਹਨਾਂ ਨੂੰ ਤਵਜੁੱਹ ਦੁਆਈ ਗਈ ਤਾਂ ਅਗਲੇ ਦਿਨ ਮਿਸ਼ਨ ਹਾਊਸ ਆਏ ਅਤੇ ਕਹਿਣ ਲੱਗੇ ਕਿ ਕੀ ਆਪਨੇ ਦੇਖਿਆ ਹੈ ਕਿ ਜਿਸ ਨੇ ਇਕ ਹਫ਼ਤੇ ਤੋਂ ਖਾਣਾ ਨ ਖਾਧਾ ਹੋਵੇ । ਕਹਿੰਦੇ ਹਨ ਕਿ ਮੈਂ ਸਾਰੀ ਰਾਤ ਰੋਂਦਾ ਰਿਹਾ ਹਾਂ ਕਿ ਮੈਂ ਚੰਦਾ ਤਹਿਰੀਕੇ ਜਦੀਦ ਅਦਾ ਕਰਨਾ ਹੈ ਅਤੇ ਮੇਰੇ ਕੋਲ ਪੈਸੇ ਨਹੀਂ ਹਨ । ਸ਼ਾਇਦ ਰੱਬ ਮੇਰੀ ਪ੍ਰੀਖਿਆ ਕਰ ਰਿਹਾ ਹੈ । ਇਸ ਦੇ ਬਾਦ ਮਮੂਲੀ ਜਿਹੀ ਰਕਮ ਤਹਿਰੀਕੇ ਜਦੀਦ ਦੀ ਮੱਦ ਵਿੱਚ ਅਦਾ ਕੀਤੀ । ਇਸ'ਤੇ ਇਹ ਜੋ ਲੈਣ ਵਾਲੇ ਸਾਹਬ ਗਏ ਸਨ ਕਹਿੰਦੇ ਹਨ ਮੈਂ ਉਹਨਾਂ ਨੂੰ ਕੁਝ ਰਕਮ ਮਦਦ ਦੇ ਰੂਪ ਵਿੱਚ ਦਿੱਤੀ ਤਾਂ ਉਹਨਾਂ ਨੇ ਦਸ ਫ਼੍ਰਾਂਕ ਉਸੇ ਸਮੇਂ ਵਾਪਸ ਕਰ ਦਿੱਤੇ ਅਤੇ ਕਿਹਾ ਕਿ ਅਜੇ ਮੇਰਾ ਚੰਦਾ ਆਮ ਬਕਾਇਆ ਹੈ ਆਪ ਇਸ ਰਕਮ ਵਿੱਚੋਂ ਮੇਰਾ ਬਕਾਇਆ ਚੰਦਾ ਕੱਟ ਲਓ । ਇਹ ਹੈ ਅਖ਼ਲਾਸ (ਨੇਕੀ) ਤੇ ਵਫ਼ਾਦਾਰੀ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫਰਮਾਇਆ ਕਿ ਸ਼ਰੀਰ ਉਪੱਰ ਕਪੜੇ ਨਹੀਂ ਪਰ ਅਖ਼ਲਾਸ ਵਿੱਚ ਵੱਧੇ ਹੋਏ ਹਨ ।

ਫਿਰ ਨਾਇਬ ਵਕੀਲੁਲ ਮਾਲ ਹਨ ਕਾਦੀਆਂ ਤੋਂ ਲਿੱਖਦੇ ਹਨ ਕਿ ਜਮਾਤ ਅਹਦੀਆ ਕੋਡੀਆਥੋਰ ਵਿੱਚ ਜੁਮਏ ਦੇ ਖ਼ੁਤਬੇ ਵਿੱਚ ਤਹਿਰੀਕੇ ਜਦੀਦ ਦੀ ਮਹਤੱਾ ਵਰਨਣ ਕੀਤੀ ਗਈ ਅਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਹ ਅਨਹੁ ਦੀ ਅਵਾਜ਼ ਉਪੱਰ ਨਿਘੱਾ ਉਤੱਰ ਦਿੰਦਿਆਂ ਹੋਇਆਂ ਸ਼ੁਭਚਿੰਤਕਾਂ ਦੀਆਂ ਕੁਝ ਕੁਰਬਾਨੀਆਂ ਦਾ ਵਰਨਣ ਕੀਤਾ ਗਿਆ । ਇਸ'ਤੇ ਓਥੋਂ ਦੀ ਜਮਾਤ ਦੀ ਸਦਰ ਲਜਨਾ ਇਮਾਇਲੱਾ ਨੇ ਆਪਣੇ ਸੋਨੇ ਦਾ ਇਕ ਭਾਰੀ ਕੰਗਨ ਉਤਾਰ ਕੇ ਤਹਿਰੀਕੇ ਜਦੀਦ ਵਿੱਚ ਪੇਸ਼ ਕਰ ਦਿਤੱਾ । ਰੱਬ ਦੀ ਮਿਹਰ ਨਾਲ ਧਰਮ ਖ਼ਾਤਰ ਆਪਣਾ ਮਨਭਾਉਂਦਾ ਅਭੂਸ਼ਣ ਕੁਰਬਾਨ ਕਰਨਾ ਅੱਜ ਇਹ ਕੇਵਲ ਅਹਮਦੀ ਇਸਤਰੀਆਂ ਦਾ ਹੀ ਖ਼ਾਸਾ ਹੈ । ਜਰਮਨੀ ਦੇ ਨੈਸ਼ਨਲ ਸੈਕ੍ਰੇਟਰੀ ਤਹਿਰੀਕੇ ਜਦੀਦ ਲਿੱਖਦੇ ਹਨ ਕਿ ਏਥੇ ਇਕ ਜਮਾਤ ਹਿਨਾਓ ਵਿੱਚ ਤਹਿਰੀਕੇ ਜਦੀਦ ਦੇ ਹਵਾਲੇ ਨਾਲ ਸੈਮੀਨਾਰ ਆਯੋਜਤ ਕੀਤਾ ਗਿਆ । ਸੈਮੀਨਾਰ ਖ਼ਤਮ ਹੋਣ ਉਪਰੰਤ ਹੀ ਇਕ ਮਿਤੱਰ ਆਪਣੀ ਪਤਨੀ ਦੇ ਜ਼ੇਵਰ ਲੈਕੇ ਦਫ਼ਤਰ ਤਹਿਰੀਕੇ ਜਦੀਦ ਵਿੱਚ ਆ ਗਏ । ਉਹਨਾਂ ਦੀ ਪਤਨੀ ਨੇ ਆਪਣੀ ਸ਼ਾਦੀ ਦੇ ਜੇਵਰ ਤਹਿਰੀਕੇ ਜਦੀਦ ਵਿੱਚ ਦੇ ਦਿੱਤੇ ।

ਲਾਹੋਰ ਦੇ ਅਮੀਰ ਸਾਹਬ ਲਿੱਖਦੇ ਹਨ ਕਿ ਇਕ ਇਸਤਰੀ ਦਾ ਤਹਿਰੀਕੇ ਜਦੀਦ ਦਾ ਵਾਦਾ ਮਿਆਰੀ ਸੀ ਪਰ ਫਿਰ ਵੀ ਜੱਦ ਉਹਨਾਂ ਨੂੰ ਟਾਰਗਟ ਪੂਰਾ ਕਰਨ ਦੇ ਹਵਾਲੇ ਨਾਲ ਵਧੇਰੇ ਬਿਨਤੀ ਕੀਤੀ ਗਈ ਤਾਂ ਝੱਟ ਜੇਵਰਾਂ ਦਾ ਡਿਬੱਾ ਲੈ ਆਈ ਅਤੇ ਉਸ ਵਿੱਚੋਂ ਭਾਰੀ ਕੜੇ ਕੱਢੇ ਅਤੇ ਤਹਿਰੀਕੇ ਜਦੀਦ ਵਿੱਚ ਪੇਸ਼ ਕਰ ਦਿੱਤੇ । ਹੁਣ ਦੇਖੋ ਇਕ ਇਸਤਰੀ ਭਾਰਤ ਦੇ ਦਖੱਣ ਵਿੱਚ ਰਹਿੰਦੀ ਹੈ । ਵੱਖ ਵੱਖ ਕਬੀਲੇ ਵੱਖ ਵੱਖ ਲੋਕ ਭਿੰਨ ਭਿੰਨ ਭਾਸ਼ਾਂਵਾਂ ਇਕ ਪੰਜਾਬ ਪਸਿਤਾਨ ਵਿੱਚ ਤੀਜੀ ਜਰਮਨੀ ਵਿੱਚ ਰਹਿੰਦੀ ਹੈ ਪਰ ਕੁਰਬਾਨੀ ਕਰਨ ਦੀ ਰੂਹ (ਭਾਵਨਾ) ਸੋਚ ਇਕ ਹੈ । ਇਹ ਇਕਾਈ (ਏਕਤਾ) ਹੈ ਇਹ ਕੁਰਬਾਨੀ ਦੇ ਮਿਆਰ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਜਮਾਤ ਵਿੱਚ ਪੈਦਾ ਕੀਤੇ ਹਨ । ਇਹ ਰੱਬ ਦੀਆਂ ਮਿਹਰਾਂ ਹਨ ਜੋ ਅਮਹਦੀਆਂ ਉਪੱਰ ਰੱਬ ਕਰਦਾ ਹੈ । ਨੋਮੁਬਾਈਨ (ਨਵੇਂ ਅਹਮਦੀ) ਮਾਲੀ ਕੁਰਬਾਨੀ ਵਿੱਚ ਵੀ ਹੁਣ ਬਹੁਤ ਅੱਗੇ ਵੱਧ ਰਹੇ ਹਨ ਰੱਬ ਦੀ ਮਿਹਰ ਨਾਲ । ਰੱਬ ਕੁਰਬਾਨੀ ਕਰਨ ਵਾਲਿਆਂ ਉਪੱਰ ਜਿਸ ਪ੍ਰਕਾਰ ਮਿਹਰ ਕਰਦਾ ਹੈ ਅਤੇ ਜਿਵੇਂ ਕੁਰਬਾਨੀ ਨੂੰ ਫਲ ਲਗੱਦੇ ਹਨ ਅਤੇ ਫਿਰ ਉਸ ਦੇ ਸਿੱਟੇ ਵਿੱਚ ਉਹਨਾਂ ਈਮਾਨ ਅਤੇ ਸ਼ਰਧਾ ਵਿੱਚ ਹੋਰ ਵਧੇਰੇ ਤਰੱਕੀ ਹੁੰਦੀ ਹੈ ਉਸ ਦੀਆਂ ਕੁਝ ਉਧਾਰਣਾ ਪੇਸ਼ ਕਰਦਾ ਹਾਂ ।

ਨਾਇਬ ਵਕੀਲੁਲਮਾਲ ਕਾਦੀਆਂ ਲਿਖੱਦੇ ਹਨ ਕਿ ਕੈਰਾਲਾ ਦੀ ਇਕ ਜਮਾਤ ਪਿਥੱਾ ਪਿਰਿਮ ਦੇ ਇਕ ਸਜੱਣ ਨੇ ਫ਼ੋਨ ਉਪੱਰ ਦੱਸਿਆ ਕਿ ਹਜ਼ੂਰ ਨੇ ਬੀਤੇ ਸਾਲ ਅਤੇ ਅਫਰੀਕਾ ਦੇ ਖ਼ੁਤਬੇ ਵਿੱਚ ਜੋ ਉਧਾਰਣਾ ਦਿੱਤੀਆਂ ਸਨ, ਸ਼ੁਭਚਿੰਤਕਾਂ ਦਾ ਵਰਨਣ ਕੀਤਾ ਸੀ ਜਿਨ੍ਹਾਂ ਨੇ ਗ਼ਰੀਬੀ ਦੇ ਹੁੰਦਿਆਂ ਹੋਇਆਂ ਵੀ ਚੰਦਾ ਤਹਿਰੀਕੇ ਜਦੀਦ ਵਿੱਚ ਵੱਧ ਚੜ੍ਹ ਕੇ ਭਾਗ ਲਿਆ ਅਤੇ ਅਸੀਂ ਤਾਂ

ਫਿਰ ਵੀ ਸਮਰਥਾਯੋਗ ਹਨ । ਇਸ ਲਈ ਮੇਰਾ ਚੰਦਾ ਤਹਿਰੀਕੇ ਜਦੀਦ ਦਾ ਵਾਦਾ ਦੋ ਲੱਖ ਰੁਪਏ ਬਹੁਤ ਘੱਟ ਹੈ ਇਸ ਨੂੰ ਵਧਾ ਕੇ ਪੰਜ ਲੱਖ ਕਰ ਦਿਤੱਾ ਜਾਵੇ । ਕੁਝ ਸਮੇਂ ਬਾਦ ਆਪਣਾ ਪੂਰਾ ਚੰਦਾ ਅਦਾ ਕਰ ਦਿੱਤਾ ਅਤੇ ਕਹਿਣ ਲੱਗੇ ਕਿ ਤਹਿਰੀਕੇ ਜਦੀਦ ਦੇ ਵਾਦੇ ਵਿੱਚ ਵਾਧਾ ਕਰਨ ਦੇ ਨਾਲ ਹੀ ਰੱਬ ਨੇ ਮੇਰੇ ਕੰਮ ਵਿੱਚ ਅਥਾਹ ਬਰਕਤ ਪਾ ਦਿੱਤੀ ਅਤੇ ਹੁਣ ਮੇਰੇ ਕੋਲ ਐਨ੍ਹਾ ਕੰਮ ਹੈ ਕਿ ਸੰਭਾਲਣਾ ਔਖਾ ਹੋ ਰਿਹਾ ਹੈ । ਫਿਰ ਇੰਸਪੈਕਟਰ ਤਹਿਰੀਕੇ ਜਦੀਦ ਹਨ ਇਬਰਾਹੀਮ ਸਾਹਬ ਕਰਨਾਟਕ ਵਿੱਚ, ਉਹ ਕਹਿੰਦੇ ਹਨ ਕਿ ਜਮਾਤ ਗੁਲਬਰਗਾ ਦੇ ਇਕ ਖ਼ਾਦਿਮ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਦੀ ਆਵਾਜ਼ ਉਪੱਰ ਲੱਬੈਕ ਕਹਿੰਦਿਆਂ ਹੋਇਆਂ ਆਪਣੀ ਇਕ ਮਹੀਨੇ ਦੀ ਆਮਦਨ ਤਿਹਤੱਰ ਹਜ਼ਾਰ ਛੇ ਸੌ ਰੁਪਏ ਤਹਿਰੀਕੇ ਜਦੀਦ ਦੇ ਚੰਦੇ ਵਿੱਚ ਲਿਖੱਵਾਈ ਪਰ ਅਦਾਇਗੀ ਸਮੇਂ ਉਕਤ ਵਿਅਕਤੀ ਨੇ ਗ਼ੈਰਮਾਮੂਲੀ ਵਾਧੇ ਨਾਲ ਇਕ ਲੱਖ ਪੰਜ ਸੋ ਗਿਆਰ੍ਹਾਂ ਰੁਪਏ ਅਦਾ ਕੀਤੇ । ਇਸ ਦੇ ਸਿੱਟੇ ਵਿੱਚ ਰੱਬ ਨੇ ਉਹਨਾਂ ਨੂੰ ਇਕ ਮੋਜਜ਼ਾ (ਚਮਤਕਾਰ) ਦਿਖਾਇਆ ਕਿ ਇਕ ਵਿਅਕਤੀ ਦੇ ਜ਼ਿੰਮੇ ਉਹਨਾਂ ਦੀ ਇਕ ਵੱਡੀ ਰਕਮ ਦੇਣ ਯੋਗ ਸੀ । ਉਕਤ ਉਸ ਰਕਮ ਦੀ ਵਾਪਸੀ ਤੋਂ ਉਕੱ ਹੀ ਨਿਰਾਸ਼ ਹੋ ਚੁਕੇ ਸਨ, ਪਰ ਇਕ ਦਿਨ ਉਹ ਵਿਅਕਤੀ ਅਚਨਚੇਤ ਹੀ ਆਇਆ ਅਤੇ ਖਿਮਾ ਜਾਚਨਾ ਕਰਦਿਆਂ ਹੋਇਆਂ ਸਾਰੀ ਰਕਮ ਅਦਾ ਕਰ ਦਿੱਤੀ । ਮਾਲੀ ਕੁਰਬਾਨੀ ਨਾਲ ਰੱਬ ਈਮਾਨ (ਆਸਥਾ) ਵਿੱਚ ਕਿਵੇਂ ਦ੍ਰਿੜ੍ਹਤਾ ਬਖ਼ਸ਼ਦਾ ਹੈ ਦੁਨੀਆਂ ਵਿੱਚ ਵੱਖ ਵੱਖ ਥਾਵਾਂ ਉਪੱਰ ਇਸ ਦੇ ਦ੍ਰਿਸ਼ ਦਿਖਾਈ ਦਿੰਦੇ ਹਨ।

ਉਜ਼ਬੇਕਿਸਤਾਨ ਦੇ ਇਕ ਨੌਮੁਬਾਈਨ (ਨਵੇਂ ਅਹਮਦੀ) ਮਿੱਤਰ ਹਨ ਵਾਹਿਦ ਵੋਰ ਸਾਹਬ ਕਹਿੰਦੇ ਹਨ ਕਿ ਜੱਦ ਤੋਂ ਮੈਂ ਬੈਅਤ ਕੀਤੀ ਹੈ ਅਤੇ ਚੰਦੇ ਦੇਣੇ ਅਰੰਭ ਕੀਤੇ ਹਨ ਮੇਰੀ ਆਮਦਨੀ ਵਿੱਚ ਹੈਰਾਨੀ ਭਰਪੂਰ ਵਾਧਾ ਹੋਇਆ ਹੈ । ਪਿਛਲੇ ਤੇਰ੍ਹਾਂ ਸਾਲ ਵਿੱਚ ਮੈਂਨੂੰ ਐਨ੍ਹੀ ਆਮਦਨੀ ਨਹੀਂ ਹੋਈ ਜਿੰਨ੍ਹੀ ਇਸ ਸਾਲ ਹੋਈ ਹੈ ਅਤੇ ਹੁਣ ਮੈਂਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਇਹ ਰੱਬ ਦੇ ਮਾਰਗ ਵਿੱਚ ਖਰਚ ਕਰਨ ਦੀ ਹੀ ਬਰਕਤ ਹੈ । ਨਵੇਂ ਆਉਣ ਵਾਲੇ ਵੀ ਨੇਕੀ ਤੇ ਵਫ਼ਾਦਾਰੀ ਵਿੱਚ ਵੱਧ ਰਹੇ ਹਨ । ਅਰਬ ਦੇਸ਼ ਦੇ ਇਕ ਮਿੱਤਰ ਹਨ ਜਿੰਨ੍ਹਾ ਨੇ ਨਵੰਬਰ 2011 ਈ. ਵਿੱਚ ਬੈਅਤ ਕੀਤੀ ਸੀ, ਰੱਬ ਦੀ ਮਿਹਰ ਨਾਲ ਹੁਣ ਉਹਨਾਂ ਦੀ ਪਤਨੀ ਵੀ ਜੋ ਪਹਿਲਾਂ ਅਹਮਦੀ ਨਹੀਂ ਸੀ ਉਹ ਵੀ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਗਈ ਹਨ ਅਤੇ ਇਸ ਸਾਲ ਦੋਵੇਂ ਪਤੀ ਪਤਨੀ ਨੇ ਲਗਭਗ ਚੋਦਾਂ ਹਜ਼ਾਰ ਪਾਉਂਡ ਤਹਿਰੀਕੇ ਜਦੀਦ ਵਿੱਚ ਅਦਾਇਗੀ ਕੀਤੀ ਹੈ ਚੰਦੇ ਦੀ ਇਹਨਾਂ ਲੋਕਲ ਜਮਾਤ ਵਿੱਚੋਂ ਕਿਸੇ ਫ਼ੈਮਲੀ ਵੱਲੋਂ ਕੀਤੀ ਜਾਣ ਵਾਲੀ ਸਭ ਤੋਂ ਵੱਡੀ ਕੁਰਬਾਨੀ ਹੈ । ਮਾਲੀ ਕੁਰਬਾਨੀ ਦੇ ਪੁਰਸ਼ਾਂ ਇਸਤਰੀਆਂ ਤੇ ਬੱਚਿਆਂ ਦੀ ਅਸੰਖ ਘਟਨਾਵਾਂ ਸਾਹਮਣੇ ਆਉਂਦੀਆਂ ਹਨ । ਇਸ ਜੁੱਗ ਵਿੱਚ ਦੁਨੀਆ ਦਾ ਰੁਝਾਨ ਸੰਸਾਰਕ ਆਨੰਦ ਅਤੇ ਸਹੂਲਤਾਂ ਵੱਲ ਹੈ ਪਰ ਅਹਮਦੀ ਰੱਬ ਦੀ ਰਜ਼ਾ ਖਾਤਰ ਕੁਰਬਾਨੀ ਕਰਦੇ ਹਨ । ਯੁਗੰਡਾ ਤੋਂ ਗਾਂਗਾ ਰੀਜਨ ਦੇ ਇਕ ਮੁਬਲੱਗ਼ ਲਿਖੱਦੇ ਹਨ ਕਿ ਅਸੀਂ ਜਮਾਤ ਬੋਸੋ ਦੇ ਇਕ ਮੈਂਬਰ ਨੂੰ ਤਹਿਰੀਕੇ ਜਦੀਦ ਦਾ ਵਾਦਾ ਪੂਰਾ ਕਰਨ ਲਈ ਧਿਆਨ ਦੁਆਇਆ, ਉਹਨਾਂ ਨੇ ਉਸੇ ਸਮੇਂ ਇਕ ਤਾਂ ਵਿਚਾਰਿਆਂ ਕੋਲ ਕੁਝ ਨਹੀਂ ਸੀ ਇਕ ਮੁਰਗ਼ਾ ਘਰ ਵਿੱਚ ਸੀ ਉਸ ਦਾ ਮੁੱਲ ਉਹਨਾਂ ਦੇ ਵਾਦੇ ਬਰਾਬਰ ਸੀ ਪੇਸ਼ ਕਰ ਦਿਤਾ ।

ਅਮੇਰਿਕਾ ਦੇ ਨੈਸ਼ਨਲ ਸੈਕ੍ਰੇਟਰੀ ਤਹਿਰੀਕੇ ਜਦੀਦ ਲਿਖੱਦੇ ਹਨ ਕਿ ਇਕ ਗਿਆਰਾਂ ਸਾਲ ਦਾ ਬੱਚਾ ਇਕ ਵੀਡੀਓ ਗੇਮ ਖਰੀਦਨ ਲਈ ਪੈਸੇ ਜਮਾ ਕਰ ਰਿਹਾ ਸੀ । ਜੱਦ ਤਹਿਰੀਕੇ ਜਦੀਦ ਦੇ ਚੰਦੇ ਦੀ ਤਹਿਰੀਕ ਕੀਤੀ ਗਈ ਤਾਂ ਉਸ ਦੇ ਵੀਡੀਓ ਗੇਮ ਖ਼ਰੀਦਨ ਲਈ ਜੋ ਇਕ ਸੌ ਡਾਲਰ ਜਮਾ ਕੀਤੇ ਸਨ ਉਹ ਚੰਦੇ ਵਿੱਚ ਦੇ ਦਿੱਤੇ । ਇਸ ਪ੍ਰਕਾਰ ਇਸ ਬੱਚੇ ਨੇ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਵਾਦਾ ਪੂਰਾ ਕਰਕੇ ਦਿਖਾਇਆ । ਯੁਗੰਡਾ ਤੋਂ ਗਾਂਗਾ ਰੀਜਨ ਦੇ ਮੁਬਲੱਗ਼ ਲਿਖੱਦੇ ਹਨ ਕਿ ਸਾਡੇ ਰੀਜਨ ਦੀ ਇਕ ਜਮਾਤ ਨਾਰੀਰੇ ਦੇ ਇਕ ਬੱਚੇ ਨੇ ਨਮਾਜ਼ ਸਿੱਖੀ ਅਤੇ ਹੁਣ ਓਥੇ ਆਪਣੀ ਜਮਾਤ ਵਿੱਚ ਨਮਾਜ਼ ਪੜ੍ਹਾਉਂਦਾ ਹੈ ਅਤੇ ਜੁਮਆ ਵੀ ਪੜ੍ਹਾਉਂਦਾ ਹੈ । ਅਮੀਰ ਸਾਹਬ ਨੇ ਉਸ ਦਾ ਹੌਂਸਲਾ ਵਧਾਓਣ ਲਈ ਕੁਝ ਇਨਾਮ ਦਿੱਤਾ ਤਾਂ ਉਸ ਨੇ ਉਹ ਪੈਸੇ ਤਹਿਰੀਕੇ ਜਦੀਦ ਵਿੱਚ ਅਦਾ ਕਰ ਦਿੱਤੇ । ਇਸ ਬੱਚੇ ਨੂੰ ਦੇਖ ਕੇ ਇਸ ਜਮਾਤ ਦੇ ਦੂਜੇ ਬੱਚਿਆਂ ਵਿੱਚ ਵੀ ਚੰਦਾ ਦੇਣ ਦਾ ਸ਼ੌਕ ਪੈਦਾ ਹੋਇਆ ਹੈ ।

ਸੋ, ਦੁਨੀਆ ਦੀ ਹਰ ਨੁਕੱਰ ਵਿੱਚ ਰੱਬ ਅਜਿਹੇ ਸ਼ੁਭਚਿੰਤਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪ੍ਰਦਾਨ ਕਰ ਰਿਹਾ ਹੈ ਜੋ ਮਾਲੀ ਕੁਰਬਾਨੀ ਦੀ ਰੂਹ (ਭਾਵਨਾ) ਨੂੰ ਸਮਝਦੇ ਹਨ । ਰੱਬ ਕਰੇ ਇਹ ਭਾਵਨਾ ਹਮੇਸ਼ਾ ਤਰੱਕੀ ਕਰਦੀ ਰਹੇ ਅਤੇ ਸਾਰੇ ਹੀ ਤਕਵਾਂ (ਸੰਜਮਤਾ) ਵਿੱਚ ਵੀ ਵਧੱਦੇ ਰਹਿਣ । ਇਸ ਸਮੇਂ ਮੈਂ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਦਿਆਂ ਹੋਇਆਂ ਬੀਤੇ ਸਾਲ ਦੀ ਸੰਖੇਪ ਜਿਹੀ ਰਿਪੋਰਟ ਪੇਸ਼ ਕਰਦਾ ਹਾਂ । ਰੱਬ ਦੀ ਮਿਹਰ ਨਾਲ ਤਹਿਰੀਕੇ ਜਦੀਦ ਦਾ ਇਕੱਯਾਸੀਵਾਂ ਸਾਲ ਖ਼ਤਮ ਹੋਇਆ ਅਤੇ ਬਿਆਸੀਵਾਂ ਸਾਲ ਅਰੰਭ ਹੋ ਗਿਆ ਹੈ ਇਸ ਵਿੱਚ ਦਾਖ਼ਲ ਹੋ ਗਏ ਹਨ ਅਤੇ ਜੋ ਰਿਪੋਰਟਾਂ ਆਈਆਂ ਹਨ ਹੁਣ ਤੱਕ ਇਸ ਸਾਲ ਤਹਿਰੀਕੇ ਜਦੀਦ ਦੀ ਮਾਲੀ ਵਿਵਸਥਾ ਵਿੱਚ ਕੁਲ ਵਸੂਲੀ ਬਾਨ੍ਹਵੇਂ ਲੱਖ ਸਤਾਰ੍ਹਾਂ ਹਜ਼ਾਰ ਅੱਠ ਸੌ ਪਾਊਂਡ ਹੋਈ ਹੈ । ਅਲਹਮਦੁਲਿਲੱਾਹ । ਇਹ ਵਸੂਲੀ ਬੀਤੇ ਸਾਲ ਦੀ ਤੁਲਨਾ ਵਿੱਚ ਸੱਤ ਲੱਖ ਸੰਤਾਲ੍ਹੀ ਹਜ਼ਾਰ ਪਾਊਂਡ ਵੱਧ ਹੈ।

ਇਸ ਦੇ ਬਾਦ ਹਜ਼ੂਰ ਨੇ ਦੁਨੀਆ ਦੇ ਵੱਖ ਵੱਖ ਦੇਸ਼ਾਂ ਦੀਆਂ ਪੁਜ਼ੀਸ਼ਨਾ ਪੇਸ਼ ਕੀਤੀਆਂ । ਉਸ ਅਨੁਸਾਰ ਪਾਕਿਸਤਾਨ ਪਹਿਲੇ ਨੰਬਰ'ਤੇ ਹੈ ਇਸ ਦੇ ਬਾਦ ਦੱਸ ਪੁਜ਼ੀਸ਼ਨਾਂ ਦੇ ਦੇਸ਼ ਲੜੀਵਾਰ ਇਸ ਪ੍ਰਕਾਰ ਹਨ ਜਰਮਨੀ, ਬਰਤਾਨੀਆਂ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਭਾਰਤ, ਮਿਡਲਈਸਟ, ਇੰਡੋਨੇਸ਼ੀਆ, ਮਿਡਲਈਸਟ ਦੀ ਇਕ ਹੋਰ ਜਮਾਤ, ਫਿਰ ਘਾਨਾ । ਇਸ ਦੇ ਬਾਦ ਹਜ਼ੂਰ ਨੇ ਇਹਨਾਂ ਦੇਸ਼ਾਂ ਦੀਆਂ ਜਮਾਤਾਂ ਅਤੇ ਜ਼ਿਲਿਆਂ ਦਾ ਵਿਸਥਾਰ ਪੇਸ਼ ਕਰਨ ਦੇ ਬਾਦ ਫ਼ਰਮਾਇਆ ਇੰਡੀਆ ਦੀਆਂ ਦਸ ਜਮਾਤਾਂ ਹਨ ਕੈਰੋਲਾਈ, ਹੈਦਰਾਬਾਦ, ਕਾਲੀਕੱਟ, ਕਾਦੀਆਂ, ਪਿਥੱਾ ਪਿਰਿਮ, ਕੈਨਾਨੂਰ ਟਾਊਨ, ਪੈਂਗਾਡੀ, ਕਲਕਤੱਾ, ਬੈਂਗਲੂਰ ਕਰਨਾਟਕ, ਸੋਲੋਰ ਤਾਮਿਲਨਾਡੂ ਅਤੇ ਕੁਰਬਾਨੀ ਦੇ ਪੱਖੋਂ ਇੰਡੀਆ ਦੇ ਦਸ ਪ੍ਰਾਂਤ ਜੋ ਹਨ ਉਹ ਕੈਰਾਲਾ, ਤਾਮਿਲਨਾਡੂ, ਕਰਨਾਟਕ, ਆਂਧ੍ਰਾਪ੍ਰਦੇਸ਼, ਜੰਮੂ ਕਸ਼ਮੀਰ, ਉੜੀਸਾ, ਪੰਜਾਬ, ਬੰਗਾਲ, ਦਿੱਲੀ ਤੇ ਮਹਾਰਾਸ਼ਟਰ ।

ਅਲੱਾਹ ਤਆਲਾ ਇਹਨਾਂ ਸਾਰਿਆਂ ਭਾਗ ਲੈਣ ਵਾਲਿਆਂ ਦੇ ਮਾਲ ਵਿੱਚ ਉਹਨਾਂ ਦੇ ਮਨਾਂ ਵਿੱਚ ਅਥਾਹ ਬਰਕਤ ਪਾਵੇ ਅਤੇ ਉਹਨਾਂ ਨੂੰ ਅਖ਼ਲਾਸ (ਨੇਕੀ) ਤੇ ਵਫ਼ਾਦਰੀ ਵਿੱਚ ਵਧਾਉਦਾ ਰਹੇ ।

**Khulasa Khutba 06.11.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131